# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਇੱਕ ਰਾਜਕੁਮਾਰ ਅਯਾਲੀ ਬਣਿਆ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot; Lazarus

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : E. Frischbutter; Sarah S.



ਕਹਾਣੀ 10 ਤ੍ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi







ਦੂਸਰੇ ਦਿਨ, ਮੂਸਾ ਨੇ ਦੋ ਇਬਰਾਨੀਆਂ ਨੂੰ ਲੜਦੇ ਵੇਖਿਆ। ਉਸਨੇ ਉਹਨਾਂ ਨੂੰ ਰੋਕਣ ਦੀ ਕੋਸ਼ੀਸ਼ ਕੀਤੀ। ਇੱਕ ਨੇ ਕਿਹਾ, “ਕੀ ਤੂੰ ਮੈਨੂੰ ਮਾਰੇਂਗਾ ਜਿਵੇਂ ਮਿਸਰੀ ਨੂੰ ਮਾਰਿਆ?” ਮੂਸਾ ਡਰ ਗਿਆ ਸੀ। ਸਾਰੇ ਲੋਕ ਗੁਜਰੇ ਹੋਏ ਦਿਨ ਦੇ ਬਾਰੇ ਜਾਣਦੇ ਸਨ। ਫ਼ਿਰਾਊਨ ਜਾਣਦਾ ਸੀ। ਮੂਸਾ ਨੂੰ ਬਚਣਾ ਸੀ। ਉਹ ਇੱਕ ਦੇਸ਼ ਨੂੰ ਗਿਆ ਜਿਸ ਦਾ ਨਾ ਮਿਦਯਾਨ ਸੀ।
3
ਜਦ ਮੂਸਾ ਖੂਹ ਦੇ ਕਿਨਾਰੇ ਅਰਾਮ ਕਰ ਰਿਹਾ ਸੀ, ਮਿਦਯਾਨ ਦੇ ਯਾਜਕ ਦੀਆਂ ਸੱਤ ਲੜਕੀਆਂ ਨੇ ਆਪਣੇ ਪਿਤਾ ਦੇ ਇੱਜੜ ਲਈ ਚਬੱਚੇ ਵਿੱਚ ਪਾਣੀ ਭਰਿਆ।
4
ਬਾਕੀ ਅਯਾਲੀਆਂ ਨੇ ਉਹਨਾਂ ਨੂੰ ਪਾਸੇ ਧੱਕਾ ਦੇਣ ਦੀ ਕੋਸ਼ੀਸ਼ ਕੀਤੀ। ਮੂਸਾ ਨੇ ਔਰਤਾ ਨੂੰ ਬਚਾਇਆ ਅਤੇ ਮਦਦ ਕੀਤੀ।
5
“ਤੁਸੀ ਘਰ ਜਲਦੀ ਆ ਗਈਆਂ!” ਲੜਕੀਆਂ ਦਾ ਪਿਤਾ ਚਿਲਾਇਆ। ਜਦ ਲੜਕੀਆਂ ਨੇ ਉਸਦਾ ਕਾਰਨ ਦੱਸਿਆ, ਉਸਨੇ ਕਿਹਾ, “ਉਸ ਆਦਮੀ ਨੂੰ ਇੱਥੇ ਲਿਆਉ।”
6
ਮੂਸਾ ਰਊਏਲ ਦੇ ਨਾਲ ਰਹਿੰਦਾ ਸੀ, ਜਿਸ ਨੂੰ ਜੈਥਰੋ ਕਿਹਾ ਜਾਂਦਾ ਸੀ। ਬਾਅਦ ਵਿੱਚ, ਮੂਸਾ ਦਾ ਵਿਆਹ ਰਊਏਲ ਦੀ ਵੱਡੀ ਲੜਕੀ ਨਾਲ ਹੋਇਆ।
7
ਪਿੱਛੇ ਮਿਸਰ ਵਿੱਚ, ਫ਼ਿਰਾਊਨ ਮਰ ਗਿਆ ਸੀ। ਪਰਮੇਸ਼ਵਰ ਦੇ ਲੋਕ ਇਬਰਾਨੀ ਅਜੇ ਵੀ ਗੁਲਾਮ ਸਨ।
ਉਹ ਆਪਣੇ ਦੁੱਖ ਵਿੱਚ ਕਿਵੇਂ ਕਰਾਹ ਰਹੇ ਸਨ!
8


ਉਹਨਾਂ ਨੇ ਕਿਵੇਂ ਪਰਮੇਸ਼ਵਰ ਦੀ ਸਹਾਇਤਾ ਲਈ ਪ੍ਰਾਥਨਾ ਕੀਤੀ!
ਪਰਮੇਸ਼ਵਰ ਨੇ ਉਹਨਾਂ ਦੀ ਪ੍ਰਾਥਨਾ ਨੂੰ ਸੁਣਿਆ।
9
ਮੂਸਾ ਇਹ ਨਹੀ ਜਾਣਦਾ ਸੀ, ਪਰ ਪਰਮੇਸ਼ਵਰ ਨੇ ਉਸ ਨੂੰ ਗੁਲਾਮ ਇਬਰਾਨੀਆਂ ਦੀ ਮਦਦ ਲਈ ਇਸਤੇਮਾਲ ਕਰਨ ਦੀ ਯੋਜਨਾ ਬਣਾਈ। ਮੂਸਾ ਨੂੰ ਮਿਸਰ ਨੂੰ ਛੱਡਿਆਂ ਚਾਲੀ ਸਾਲ ਬੀਤ ਗਏ ਸਨ। ਉਹ ਰਊਏਲ ਦੇ ਇੱਜ਼ੜ ਦਾ ਅਯਾਲੀ ਸੀ। ਪਰ ਉਹ ਜਰੂਰ ਮਿਸਰ ਵਿਚਲੇ ਆਪਣੇ ਲੋਕਾਂ ਨੂੰ ਯਾਦ ਕਰਦਾ ਹੋਵੇਗਾ।
10
ਇੱਕ ਦਿਨ ਮੂਸਾ ਨੇ ਵੇਖਿਆ ਕੇ ਕੋਲ ਹੀ ਝਾੜੀ ਵਿੱਚ ਅੱਗ ਲੱਗੀ ਹੈ। ਪਰ ਅੱਗ ਝਾੜੀ ਨੂੰ ਸਾੜ ਨਹੀ ਰਹੀ ਹੈ। ਮੂਸਾ ਨੇ ਉਸ ਦਾ ਕਾਰਨ ਲੱਭਣ ਦਾ ਫ਼ੈਸਲਾ ਕੀਤਾ।
11
ਜਿਵੇ ਹੀ ਮੂਸਾ ਪਹੁੰਚਿਆ, ਪਰਮੇਸ਼ਵਰ ਨੇ ਉਸ ਨੂੰ ਝਾੜੀ ਵਿੱਚੋਂ ਬੁਲਾਇਆ। “ਮੂਸਾ!” “ਮੈਂ ਇੱਥੇ ਹਾਂ,” ਮੂਸਾ ਨੇ ਕਿਹਾ। “ਜਿਆਦਾ ਨੇੜੇ ਨਾ ਆ,” ਪਰਮੇਸ਼ਵਰ ਨੇ ਕਿਹਾ। “ਆਪਣੀ ਜੁੱਤੀ ਉਤਾਰ ਦੇ, ਕਿਉਂਕਿ ਜਿੱਥੇ ਤੂੰ ਖੜ੍ਹਾ ਹੈਂ ਉਹ ਪਵਿੱਤਰ ਜ਼ਗਾ ਹੈ।”
12
ਪਰਮੇਸ਼ਵਰ ਨੇ ਕਿਹਾ, “ਮੈਂ ਤੈਨੂੰ ਫ਼ਿਰਾਊਨ ਕੋਲ ਆਪਣੇ ਲੋਕਾਂ ਨੂੰ ਮਿਸਰ ਵਿੱਚੋਂ ਬਾਹਰ ਲਿਆਉਣ ਲਈ ਭੇਜਾਂਗਾ।” ਪਰ ਮੂਸਾ ਜਾਣ ਤੋਂ ਡਰ ਰਿਹਾ ਸੀ।
13
ਤਦ ਪਰਮੇਸ਼ਵਰ ਨੇ ਮੂਸਾ ਨੂੰ ਆਪਣੀ ਮਹਾਨ ਤਾਕਤ ਵਿਖਾਈ। ਉਸ ਨੇ ਮੂਸਾ ਦੀ ਲਾਠੀ ਨੂੰ ਸੱਪ ਬਣਾ ਦਿੱਤਾ।
14

ਜਦ ਮੂਸਾ ਨੇ ਸੱਪ ਨੂੰ ਪੂਛ ਤੋਂ ਫੜ ਕੇ ਚੁੱਕਿਆ ਉਹ ਇੱਕ ਵਾਰ ਫਿਰ ਲਾਠੀ ਬਣ ਗਿਆ। ਪਰਮੇਸ਼ਵਰ ਨੇ ਦੂਸਰਾ ਚਿੰਨ ਦਿੱਤਾ।




ਉਸਨੇ ਹੁਕਮ ਦਿੱਤਾ, “ਆਪਣੀ ਸ਼ਾਤੀ ਉੱਤੇ ਹੱਥ ਰੱਖ।” ਮੂਸਾ ਨੇ ਉਵੇਂ ਹੀ ਕੀਤਾ। ਉਸਦਾ ਹੱਥ ਸਫ਼ੇਦ ਕੋੜ੍ਹ ਨਾਲ ਭਰ ਗਿਆ।




ਜਦ ਉਸ ਨੇ ਦੁਬਾਰਾ ਕੀਤਾ ਉਸ ਦਾ ਹੱਥ ਠੀਕ ਹੋ ਗਿਆ।




ਮੂਸਾ ਨੇ ਹੁਣ ਵੀ ਮ੍ਨਾ ਕੀਤਾ। “ਮੈਂ ਠੀਕ ਤ੍ਹਰਾਂ ਬੋਲ ਨਹੀ ਸਕਦਾ,” ਉਸਨੇ ਪਰਮੇਸ਼ਵਰ ਨੂੰ ਕਿਹਾ। ਪਰਮੇਸ਼ਵਰ ਗੁੱਸਾ ਹੋ ਗਿਆ। “ਮੈਂ ਤੇਰੇ ਭਰਾ ਹਾਰੂਨ ਦਾ ਇਸਤੇਮਾਲ ਕਰਾਂਗਾ, ਜੋ ਸ਼ਬਦ ਤੂੰ ਉਸ ਨੂੰ ਕਹੇਂਗਾ ਉਹ ਬੋਲੇਗਾ,” ਉਸਨੇ ਆਖਿਆ।




ਮੂਸਾ ਜੈਥਰੋ ਦੇ ਕੋਲ ਵਾਪਸ ਗਿਆ, ਆਪਣਾ ਸਮਾਨ ਬੰਨਿਆ ਅਤੇ ਮਿਸਰ ਲਈ ਚੱਲ ਪਿਆ।




ਪਰਮੇਸ਼ਵਰ ਨੇ ਮੂਸਾ ਦੇ ਭਰਾ ਹਾਰੂਨ ਦੀ ਅਗਵਾਈ ਮੂਸਾ ਨੂੰ ਪਹਾੜ ਉੱਤੇ ਮਿਲਣ ਲਈ ਕੀਤੀ। ਮੂਸਾ ਨੇ ਹਾਰੂਨ ਨੂੰ ਪਰਮੇਸ਼ਵਰ ਦੀ ਸਾਰੀ ਯੋਜਨਾ ਦੇ ਬਾਰੇ ਦੱਸ ਦਿੱਤਾ ਕੇ ਉਹ ਕਿਵੇਂ ਇਬਰਾਨੀ ਲੋਕਾਂ ਨੂੰ ਮਿਸਰੀਆਂ ਤੋਂ ਛੁਡਾਵੇਗਾ।















ਇੱਕ ਰਾਜਕੁਮਾਰ ਅਯਾਲੀ ਬਣਿਆ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਕੂਚ ਦੀ ਕਿਤਾਬ 2-5

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।